# ਨਗਰ ਨਿਗਮ, ਮੋਗਾ ਦੀ
# ਵਿੱਤ ਅਤੇ ਠੇਕਾ ਕਮੇਟੀ
# ਦੀ ਕਾਰਵਾਈ

ਮੀਟਿੰਗ ਮਿਤੀ : 14-10-2021

ਦਿਨ ਵੀਰਵਾਰ ਸਮਾਂ ਸਵੇਰੇ 10:00 ਵਜੇ

(ਮਤਾ ਨੰ: 80 ਤੋ 88 ਤੱਕ)

ਕੁੱਲ ਪੰਨੇ : 01 ਤੋ 09

# ਮਤਾ ਨੰਬਰ 80 ਤੋ 88 ਮਿਤੀ 14-10-2021

ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮੇਅਰ ਸ੍ਰੀਮਤੀ ਨੀਤਿਕਾ ਭੱਲਾ, ਨਗਰ ਨਿਗਮ ਮੋਗਾ ਜੀ ਦੀ ਪ੍ਰਧਾਨਗੀ ਹੇਠ ਮਿਤੀ 14-10-2021 ਸਮਾਂ ਸਵੇਰੇ 10:00 ਵਜੇ ਦਿਨ ਵੀਰਵਾਰ ਦਫਤਰ ਮੇਅਰ, ਨਗਰ ਨਿਗਮ ਮੋਗਾ ਵਿਖੇ ਕੀਤੀ ਗਈ ਇਸ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਹਾਜਰ ਹੋਏ:-

1) ਸ੍ਰੀ ਪ੍ਰਵੀਨ ਕੁਮਾਰ, ਸੀਨੀਅਰ ਡਿਪਟੀ ਮੈਂਬਰ, ਨਗਰ ਨਿਗਮ ਮੋਗਾ।
2) ਸ੍ਰੀ ਅਸ਼ੋਕ ਧਮੀਜਾ, ਡਿਪਟੀ ਮੇਅਰ, ਮੈਂਬਰ।
3) ਸ੍ਰੀ ਤੀਰਥ ਰਾਮ, ਮੈਂਬਰ, ਐਫ.ਐਡ.ਸੀ.ਸੀ (ਕੌਸੰਲਰ, ਵਾਰਡ ਨੰਬਰ : 40)
4) ਸ੍ਰੀਮਤੀ ਪਾਇਲ ਗਰਗ, ਮੈਂਬਰ, ਐਫ.ਐਡ.ਸੀ.ਸੀ (ਕੌਸੰਲਰ, ਵਾਰਡ ਨੰਬਰ : 41)
5) ਸ੍ਰੀ ਕਿਸ਼ੋਰ ਚੰਦ ਬਾਂਸਲ, ਨਿਗਮ ਇੰਜੀਨੀਅਰ (ਓ.ਐਡ.ਐਮ), ਨਗਰ ਨਿਗਮ ਮੋਗਾ।

ਮੀਟਿੰਗ ਸ਼ੁਰੂ ਹੋਣ ਤੇ ਮਾਣਯੋਗ ਮੇਅਰ ਸਾਹਿਬ ਜੀ ਨੇ ਰੈਗੁਲਰ ਏਜੰਡੇ ਦੀਆਂ ਤਜਵੀਜਾਂ ਲੜੀਵਾਰ ਪੜਨ ਦੇ ਆਦੇਸ਼ ਦਿੱਤੇ। ਜੋ ਕਿ ਲੜੀਵਾਰ ਤਜਵੀਜ ਹੇਠ ਲਿਖੇ ਅਨੁਸਾਰ ਪੇਸ਼ ਕੀਤੀ ਗਈ।

## ਏਜੰਡਾ ਆਇਟਮ ਹੇਠ ਲਿਖੇ ਅਨੁਸਾਰ ਹਨ :-

**ਤਜਵੀਜ :01**

**ਕੰਮ ਦਾ ਨਾਂ :** **ਨਗਰ ਨਿਗਮ ਮੋਗਾ ਦੇ ਜ਼ੀਰਾ ਰੋਡ ਤੇ ਸਥਿਤ ਡੰਪਿਗ ਗਰਾਂਊਡ ਦੀ Bio-remediation ਕਰਨ ਸਬੰਧੀ।**

ਸੈਨੀਟੈਸ਼ਨ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ "NATIONAL GREEN TRIBUNAL" ਦੇ O.A.606 of 2018 ਦੇ ਫੈਸਲੇ ਅਤੇ Solid Waste Management Rule 2018 ਅਨੁਸਾਰ ਜ਼ੀਰਾ ਰੋਡ ਤੇ ਸਥਿਤ ਡੰਪਿਗ ਗਰਾਂਊਡ ਦੀ Bio-remediation ਸਮਾਂ ਬੱਧ ਤਰੀਕੇ ਨਾਲ ਕੀਤੀ ਜਾਣੀ ਹੈ। ਇਸ ਪ੍ਰੋਜੈਕਟ ਅਧੀਨ ਡੰਪਿਗ ਗਰਾਂਊਡ ਤੇ ਪਿਆ ਸੋਲਿਡ ਵੇਸਟ (ਗਿੱਲਾ ਅਤੇ ਸੁੱਕਾ ਕੂੜਾ) Mechanical process ਰਾਹੀ ਖਤਮ ਕੀਤਾ ਜਾਣਾ ਹੈ। ਇੱਥੇ ਇਹ ਵੀ ਦੱਸਿਆ ਜਾਦਾ ਹੈ ਕਿ ਨਗਰ ਨਿਗਮ ਮੋਗਾ ਵੱਲੋ ਇਸ ਕੰਮ ਨੂੰ ਕਰਨ ਲਈ ਟੀ.ਏ.ਸੀ ਦੇ ਹੁਕਮ ਨੰ:79 ਮਿਤੀ 01-12-2020 ਰਾਹੀ ਮੰਨਜੂਰ ਕੀਤਾ ਗਿਆ ਸੀ। ਇਹ ਹੁਕਮ ਸਰਕਾਰ ਦੇ ਪੱਤਰ ਨੰਬਰ:ਸਸ-ਡਸਸ-ਮਸਸ-2020/52935 ਮਿਤੀ 24-12-2020 ਰਾਹੀ ਪ੍ਰਵਾਨ ਕੀਤਾ ਗਿਆ ਸੀ।

ਇੱਥੇ ਦੱਸਣਯੋਗ ਹੈ ਕਿ ਨਗਰ ਨਿਗਮ ਮੋਗਾ ਵੱਲੋ ਡੰਪਿਗ ਗਰਾਂਊਡ ਦੀ ਆਪਣੇ ਪੱਧਰ ਤੇ Bio-remediation ਕਰਨ ਲਈ 4 ਮਕੈਨੀਕਲ ਸਪਰੇਟਰਾਂ ਦੀ ਖਰੀਦ ਕੀਤੀ ਗਈ ਸੀ। 1 ਇੱਕ ਮਕੈਨੀਕਲ ਸਪਰੇਟਰ ਨਾਲ Bio-remediation ਕਰਨ ਲਈ ਹਰ ਇਕ Backhoe loaders ਦੀ ਜ਼ਰੂਰਤ ਪੈਂਦੀ ਹੈ । ਇਸ ਕੰਮ ਲਈ ਟਿੱਪਰ/ਟਰੈਕਟਰ-ਟਰਾਲੀ ਅਤੇ ਲੇਬਰ ਦੀ ਵੀ ਜ਼ਰੂਰਤ ਪੈਂਦੀ ਹੈ। ਇਸ ਤੋ ਇਲਾਵਾ ਇਹ ਵੀ ਦੱਸਿਆ ਜਾਦਾ ਹੈ ਕਿ ਮਕੈਨੀਕਲ ਸਪਰੇਟਰਾਂ ਨਾਲ Bio-remediation ਦਾ ਕੰਮ ਕਾਫੀ ਧੀਮੀ ਗਤੀ ਨਾਲ ਹੁੰਦਾ ਹੈ। ਪ੍ਰੰਤੂ ਐਨ.ਜੀ.ਟੀ. ਵੱਲ Bio-remediation ਕਰਨ ਲਈ ਨਗਰ ਨਿਗਮ ਮੋਗਾ ਨੂੰ ਮਿਤੀ 31/03/2022 ਤੱਕ ਮੁਕੰਮਲ ਕਰਨ ਲਈ ਸਮਾਂ-ਬੱਧ ਕੀਤਾ ਹੈ। ਜੇਕਰ ਇਹ ਕੰਮ ਨਿਗਮ ਮੋਗਾ ਵੱਲੋ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ ਤਾਂ ਬਹੁਤ ਜ਼ਿਆਦਾ ਖਰਚਾ ਆਵੇਗਾ ਅਤੇ NGT ਵੱਲੋ ਜਾਰੀ ਹੋਈਆਂ ਹਦਾਇਤਾਂ ਅਨੁਸਾਰ 31-03-2022 ਤੱਕ ਮੁਕੰਮਲ ਨਹੀ ਕੀਤਾ ਜਾ ਸਕਦਾ।

ਇਸ ਲਈ ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਨਗਰ ਨਿਗਮ ਮੋਗਾ ਵੱਲੋ ਡੰਪਿਗ ਗਰਾਂਊਡ ਦੀ Bio-remediation ਜਲਦੀ ਕਰਵਾਉਣ ਲਈ ਡੀ.ਪੀ.ਆਰ ਤਿਆਰ ਕੀਤੀ ਗਈ ਹੈ। ਇਸ ਡੀ.ਪੀ.ਆਰ ਅਨੁਸਾਰ Bio-remediation ਮਕੈਨੀਕਲ ਤਰੀਕੇ ਨਾਲ ਕੀਤੀ ਜਾਵੇਗੀ। ਇਸ ਵਿੱਚ ਦੋ ਸ਼ਿਫਟਾਂ ਵਿੱਚ ਕੰਮ ਕਰਨ ਦੀ ਪ੍ਰੋਵੀਜ਼ਨ ਦਿੱਤੀ ਗਈ ਹੈ। ਇਸ ਕੰਮ ਨੂੰ ਕਰਨ ਲਈ ਹਰ ਤਰਾਂ ਦੇ ਖਰਚ, ਮਸ਼ੀਨਰੀ ਅਤੇ ਲੇਬਰ ਦਾ ਪ੍ਰਬੰਧ ਸਬੰਧਤ ਕੰਪਨੀ ਵੱਲੋ ਕੀਤਾ ਜਾਵੇਗਾ। ਨਗਰ ਨਿਗਮ ਵੱਲੋ ਡੰਪਿਗ ਗਰਾਂਊਡ ਦੇ Total station survey ਅਨੁਸਾਰ ਕੰਪਨੀ ਨੂੰ ਅਦਾਇਗੀ ਕੀਤੀ ਜਾਵੇਗੀ। Bio-remediation ਦੇ by-products ਕੰਪਨੀ ਦੇ ਹੋਣਗੇ। Bio-remediation ਦਾ ਕੰਮ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਟੈਂਡਰ ਪ੍ਰਕਿਰਿਆਂ ਰਾਹੀ ਕੰਪਨੀ ਨੂੰ ਅਲਾਂਟ ਕੀਤਾ ਜਾਵੇਗਾ। ਇਸ ਬਾਰੇ ਮਾਨਯੋਗ

ਕਮਿਸ਼ਨਰ ਜੀ ਵੱਲੋ ਮਿਤੀ 29.09.21 ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਮਾਨਯੋਗ ਮੇਅਰ ਜੀ ਵੱਲੋ ਮਿਤੀ 01.10.21 ਨੂੰ *Anticipation approval* ਦਿੱਤੀ ਗਈ ਹੈ।

**ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : 80 ਸਰਵਸੰਮਤੀ ਨਾਲ ਪ੍ਰਵਾਨ ਹੈ।**

-ਸਹੀ-
ਮੇਅਰ
ਨਗਰ ਨਿਗਮ, ਮੋਗਾ

ਤਜਵੀਜ :02

**ਕੰਮ ਦਾ ਨਾਂ:** Development of Balance work of Shamshanghat at bukanwala in w-30. Est.Amt. 5.97 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਕਰਵਾਉਣ ਲਈ 5.97 ਲੱਖ ਦਾ ਤਖਮੀਨਾ ਤਿਆਰ ਕੀਤਾ ਗਿਆ ਸੀ। ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਪੰਜਾਬ ਵੱਲੋ ਆਪਣੇ ਪੱਤਰ ਨੰ: ਸ5-ਡਸਸ-ਮਸਸ-2020/52935 ਮਿਤੀ 25-12-2020 ਰਾਹੀ ਦਿੱਤੀ ਗਈ ਸੀ। ਇਸ ਕੰਮ ਦਾ ਟੈਡਰ ਪਹਿਲੀ ਵਾਰ ਟੈਡਰ ਨੋਟਿਸ ਨੰ 121/ਸੀ. ਮਿਤੀ 02-03-2021 ਅਤੇ ਦੂਜੀ ਵਾਰ ਟੈਡਰ ਨੋਟਿਸ ਨੰ: 306/ਸੀ. ਮਿਤੀ 25-05-2021 ਅਤੇ ਤੀਸਰੀ ਵਾਰ ਟੈਡਰ ਨੋਟਿਸ ਨੰ: 506/ਸੀ. ਮਿਤੀ 30-07-2021 ਰਾਹੀਂ ਲਗਾਇਆ ਗਿਆ ਸੀ, ਪਰੰਤੂ ਬਿਡ ਪ੍ਰਾਪਤ ਨਾ ਹੋਣ ਕਰਕੇ ਕੰਮ ਸਿਰੇ ਚੜ ਸਕਿਆ। ਇਸ ਉਪਰੰਤ ਇਸ ਕੰਮ ਨੂੰ ਚੋਥੀ ਵਾਰ ਟੈਡਰ ਨੋਟਿਸ ਨੰ: 674/ਸੀ. ਮਿਤੀ 27-08-2021 ਰਾਹੀ ਲਗਾਇਆ ਗਿਆ। ਇਸ ਵਾਰ ਉਕਤ ਕੰਮ ਲਈ ਇੱਕ ਫਰਮ/ਸੁਸਾਇਟੀ ਵੱਲੋ ਟੈਡਰ ਭਰਿਆ ਗਿਆ। ਜਿੱਕਰ ਯੋਗ ਹੈ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰ: *5/82ਲ/2018-2lg4/702 ਮਿਤੀ 01-04-2020* ਦੇ ਅਨੁਸਾਰ ਦੂਸਰੀ ਵਾਰ ਕਾਲ ਕੀਤੇ ਕੰਮਾਂ ਵਿੱਚ ਜੇਕਰ ਤਿੰਨ ਤੋ ਘੱਟ ਬਿਡਜ ਪ੍ਰਾਪਤ ਹੁੰਦੀ ਹੈ ਤਾਂ ਖੋਲੇ ਜਾ ਸਕਦੇ ਹਨ। ਕਿਉ ਜੋ ਉਕਤ ਚੋਥੀ-ਵਾਰ ਲਗਾਇਆ ਗਿਆ ਸੀ, ਇਸ ਲਈ ਪ੍ਰਵਾਨਗੀ ਮਿਤੀ 20-09-2021 ਮਿਲਣ ਉਪਰੰਤ ਉਕਤ ਕੰਮ ਦੀ ਟੈਕਨੀਕਲ ਬਿਡ ਖੋਲੀ ਗਈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | NIT No. 13 | | |
|---|---|---|---|
| Sr. No. | Name of Bidder | Status | Remarks |
| 1 | SURINDER SINGH CONTRACTOR | Qualified | - |

ਸਫਲ ਬਿਡਜ ਦੀ ਪ੍ਰਵਾਨਗੀ ਮਿਤੀ 28-09-2021 ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:___

| Name of Contractor | | Rate of Contractor |
|---|---|---|
| L-1 | SURINDER SINGH CONTRACTOR | OAS 1.92% below<br>Tender Amt. 5,85,537.60 |

ਉਕਤ ਟੈਬਲ ਅਨੁਸਾਰ SURINDER SINGH CONTRACTOR ਦੀ ਫਰਮ ਵੱਲੋ OAS 1.92% Below ਤੇ ਰੇਟ ਪ੍ਰਾਪਤ ਹੋਏ ਜਿਸ ਅਨੁਸਾਰ ਟੈਡਰ ਖਰਚਾ 5,85,537.60 ਬਣਦਾ ਹੈ। ਜਦਕਿ ਤਖਮੀਨਾ ਖਰਚਾ 5.97 ਲੱਖ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮੈਸ: SURINDER SINGH CONTRACTOR ਦੀ ਫਰਮ ਨੂੰ ਉਕਤ ਕੰਮ OAS 1.92% Below ਤੇ ਅਲਾਟ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 81 <u>ਸਰਵਸੰਮਤੀ ਨਾਲ ਪ੍ਰਵਾਨ ਹੈ।</u>**

–ਸਹੀ–
ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰ :** 03

**ਕੰਮ ਦਾ ਨਾਂ :** ***Supply of Labour (Beldar) for the maintenance of Water Supply Lines, Tubewells and Disposals in Moga City. (Estimate Amount Rs. 73.92 Lac)***

ਓ.ਐਂਡ.ਐਮ ਬਰਾਂਚ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕੰਮ ਦਾ ਤਖਮੀਨਾ ਹਾਊਸ ਦੇ ਮਤਾ ਨੰਬਰ 25 ਮਿਤੀ 02-08-2021 ਰਾਹੀਂ ਪ੍ਰਵਾਨਗੀ ਮਿਲਣ ਉਪਰੰਤ ਕੰਮ ਲਈ DNIT No. 515/C ਮਿਤੀ 04-08-2021 ਰਾਹੀਂ ਪਹਿਲੀ ਵਾਰ ਟੈਂਡਰ ਕਾਲ ਕੀਤਾ ਗਿਆ ਜਿਸ ਵਿੱਚ ਸਿਰਫ਼ ਇੱਕ ਬਿਡ ਪ੍ਰਾਪਤ ਹੋਣ ਕਾਰਨ ਦੂਜੀ ਵਾਰੀ DNIT No. 687/C ਮਿਤੀ 03-09-2021 ਰਾਹੀਂ ਟੈਂਡਰ ਕਾਲ ਕੀਤਾ ਗਿਆ। ਇਸ ਕੰਮ ਦੀ ਟੈਕਨੀਕਲ ਬਿੱਡ ਮਿਤੀ 21-09-2021 ਨੂੰ ਖੋਲ੍ਹੀ ਗਈ ਜਿਸ ਵਿੱਚ ਦੋ ਫ਼ਰਮਾਂ/ਸੁਸਾਇਟੀਆਂ (ਬਾਬਾ ਦੀਪ ਸਿੰਘ ਬਿਲਡਰ ਐਂਡ ਡੀਸਿਲਟਰ ਪ੍ਰਾਈਵੇਟ ਲਿਮ: ਅਤੇ ਸਰਵ ਸਮਾਰਟ ਸਰਵਿਸਿਜ਼ ਪ੍ਰਾਈਵੇਟ ਲਿਮ:) ਵੱਲੋਂ ਟੈਂਡਰ ਭਰਿਆ ਗਿਆ ਸੀ, ਪਰ ਸਰਵ ਸਮਾਰਟ ਸਰਵਿਸਿਜ਼ ਪ੍ਰਾਈਵੇਟ ਲਿਮ: ਦੇ ਦਸਤਾਵੇਜ਼ ਪੂਰੇ ਨਹੀਂ ਸਨ। ਇਸ ਲਈ ਬਾਬਾ ਦੀਪ ਸਿੰਘ ਬਿਲਡਰ ਐਂਡ ਡੀਸਿਲਟਰ ਪ੍ਰਾਈਵੇਟ ਲਿਮ: ਦੀ ਵਿੱਤੀ ਬਿਡ ਖੋਲ੍ਹੀ ਗਈ। ਇਸ ਫ਼ਰਮ ਵੱਲੋਂ 1.00% CP 'ਤੇ ਟੈਂਡਰ ਭਰਿਆ ਹੈ। ਕਿਉਂ ਜੋ ਸਰਕਾਰ ਦੀਆਂ ਹਦਾਇਤਾਂ ਮੁਤਾਬਕ 50-00 ਲੱਖ ਤੋਂ ਉੱਪਰ ਦੀ ਰਕਮ ਦੇ ਕੰਮ ਮੁੱਖ ਇੰਜੀਨੀਅਰ ਜੀ ਤੋਂ ਵੈੱਟ ਕਰਵਾਉਣੇ ਜ਼ਰੂਰੀ ਹਨ, ਇਸ ਲਈ ਉਕਤ ਕੰਮ ਦੀ ਤੁਲਨਾਤਮਕ ਸੂਚੀ ਦੀ ਵੈਟਿੰਗ ਲਈ ਇਸ ਦਫ਼ਤਰ ਵੱਲੋਂ ਮੁੱਖ ਇੰਜੀਨੀਅਰ ਜੀ ਨੂੰ ਪੱਤਰ ਨੰਬਰ 475 ਮਿਤੀ 23-09-2021 ਲਿਖਿਆ ਗਿਆ ਜਿਸਦੀ ਵੈਟਿੰਗ ਮੁੱਖ ਇੰਜੀਨੀਅਰ ਜੀ ਦੇ ਪੱਤਰ ਨੰਬਰ ਸੀ.ਈ.–2021/40471 ਮਿਤੀ 29-09-2021 ਰਾਹੀਂ 72.99 ਲੱਖ ਰੁਪਏ ਦੀ ਪ੍ਰਾਪਤ ਕਰ ਲਈ ਗਈ ਹੈ।

ਸੋ ਉਕਤ ਅਨੁਸਾਰ ਬਾਬਾ ਦੀਪ ਸਿੰਘ ਬਿਲਡਰ ਐਂਡ ਡੀਸਿਲਟਰ ਪ੍ਰਾਈਵੇਟ ਲਿਮ: ਨੂੰ ਉਪਰੋਕਤ ਕੰਮ ਟੈਂਡਰ ਲਾਗਤ 72.99 ਲੱਖ ਰੁਪਏ (CP 1.00%) 'ਤੇ ਵਰਕ ਆਰਡਰ ਜਾਰੀ ਕੀਤਾ ਗਿਆ। ਨਿਗਰਾਨ ਇੰਜੀਨੀਅਰ (ਓ ਐਂਡ ਐੱਮ) ਵੱਲੋ ਰਿਪੋਰਟ ਕੀਤੀ ਗਈ *"Submitted for approval of F&CC. As this is very urgent work and previous tender is upto 30.09.21 so anticipation approval may be granted."* ਇਸ ਬਾਰੇ ਮਾਨਯੋਗ ਕਮਿਸ਼ਨਰ ਜੀ ਵੱਲੋ ਮਿਤੀ 29.09.21 ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਮਾਨਯੋਗ ਮੇਅਰ ਨਗਰ ਨਿਗਮ ਮੋਗਾ ਜੀ ਵੱਲੋ ਮਿਤੀ 01.10.21 ਨੂੰ *Anticipation approval* ਦਿੱਤੀ ਗਈ ਹੈ।

**ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : 82 <u>ਸਰਵਸੰਮਤੀ ਨਾਲ ਪ੍ਰਵਾਨ ਹੈ।</u>**

–ਸਹੀ–

ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰ: 04**

**ਕੰਮ ਦਾ ਨਾਂ :** ***Supply of Labour (Sewermen) for the maintenance of Sewer Lines, Manhole Chambers and Disposals in Moga City. (Estimate Amount Rs. 97.32 Lac)***

ਓ .ਐਡ .ਐਮ ਬਰਾਂਚ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕੰਮ ਦਾ ਤਖਮੀਨਾ ਹਾਊਸ ਦੇ ਮਤਾ ਨੰਬਰ 26 ਮਿਤੀ 02-08-2021 ਰਾਹੀਂ ਪ੍ਰਵਾਨਗੀ ਮਿਲਣ ਉਪਰੰਤ ਕੰਮ ਲਈ DNIT No. 515/C ਮਿਤੀ 04-08-2021 ਰਾਹੀਂ ਪਹਿਲੀ ਵਾਰ ਟੈਂਡਰ ਕਾਲ ਕੀਤਾ ਗਿਆ ਜਿਸ ਵਿੱਚ ਸਿਰਫ਼ ਇੱਕ ਬਿਡ ਪ੍ਰਾਪਤ ਹੋਣ ਕਾਰਨ ਦੂਜੀ ਵਾਰੀ DNIT No. 687/C ਮਿਤੀ 03-09-2021 ਰਾਹੀਂ ਟੈਂਡਰ ਕਾਲ ਕੀਤਾ ਗਿਆ। ਇਸ ਕੰਮ ਦੀ ਟੈਕਨੀਕਲ ਬਿੱਡ ਮਿਤੀ 21-09-2021 ਨੂੰ ਖੋਲ੍ਹੀ ਗਈ ਜਿਸ ਵਿੱਚ ਦੋ ਫ਼ਰਮਾਂ/ਸੁਸਾਇਟੀਆਂ (ਬਾਬਾ ਦੀਪ ਸਿੰਘ ਬਿਲਡਰ ਐਂਡ ਡੀਸਿਲਟਰ ਪ੍ਰਾਈਵੇਟ ਲਿਮ: ਅਤੇ ਸਰਵ ਸਮਾਰਟ ਸਰਵਿਸਿਜ਼ ਪ੍ਰਾਈਵੇਟ ਲਿਮ:) ਵੱਲੋਂ ਟੈਂਡਰ ਭਰਿਆ ਗਿਆ ਸੀ, ਪਰ ਸਰਵ ਸਮਾਰਟ ਸਰਵਿਸਿਜ਼ ਪ੍ਰਾਈਵੇਟ ਲਿਮ: ਦੇ ਦਸਤਾਵੇਜ਼ ਪੂਰੇ ਨਹੀਂ ਸਨ। ਇਸ ਲਈ ਬਾਬਾ ਦੀਪ ਸਿੰਘ ਬਿਲਡਰ ਐਂਡ ਡੀਸਿਲਟਰ ਪ੍ਰਾਈਵੇਟ ਲਿਮ: ਦੀ ਵਿੱਤੀ ਬਿਡ ਖੋਲ੍ਹੀ ਗਈ। ਇਸ ਫ਼ਰਮ ਵੱਲੋਂ 1.00% CP 'ਤੇ ਟੈਂਡਰ ਭਰਿਆ ਹੈ। ਕਿਉਂ ਜੋ ਸਰਕਾਰ ਦੀਆਂ ਹਦਾਇਤਾਂ ਮੁਤਾਬਕ 50-00 ਲੱਖ ਤੋਂ ਉੱਪਰ ਦੀ ਰਕਮ ਦੇ ਕੰਮ ਮੁੱਖ ਇੰਜੀਨੀਅਰ ਜੀ ਤੋਂ ਵੈੱਟ ਕਰਵਾਉਣੇ ਜ਼ਰੂਰੀ ਹਨ, ਇਸ ਲਈ ਉਕਤ ਕੰਮ ਦੀ ਤੁਲਨਾਤਮਕ ਸੂਚੀ ਦੀ ਵੈਟਿੰਗ ਲਈ ਇਸ ਦਫ਼ਤਰ ਵੱਲੋਂ ਮੁੱਖ ਇੰਜੀਨੀਅਰ ਜੀ ਨੂੰ ਪੱਤਰ ਨੰਬਰ 475 ਮਿਤੀ 23-09-2021 ਲਿਖਿਆ ਗਿਆ ਜਿਸਦੀ ਵੈਟਿੰਗ ਮੁੱਖ ਇੰਜੀਨੀਅਰ ਜੀ ਦੇ ਪੱਤਰ ਨੰਬਰ ਸੀ.ਈ.-2021/40471 ਮਿਤੀ 29-09-2021 ਰਾਹੀਂ 96.10 ਲੱਖ ਰੁਪਏ ਦੀ ਪ੍ਰਾਪਤ ਕਰ ਲਈ ਗਈ ਹੈ।

ਸੋ ਉਕਤ ਅਨੁਸਾਰ ਬਾਬਾ ਦੀਪ ਸਿੰਘ ਬਿਲਡਰ ਐਂਡ ਡੀਸਿਲਟਰ ਪ੍ਰਾਈਵੇਟ ਲਿਮ: ਨੂੰ ਉਪਰੋਕਤ ਕੰਮ ਟੈਂਡਰ ਲਾਗਤ 96.10 ਲੱਖ ਰੁਪਏ (CP 1.00%) 'ਤੇ ਵਰਕ ਆਰਡਰ ਜਾਰੀ ਕੀਤਾ ਗਿਆ। ਨਿਗਰਾਨ ਇੰਜੀਨੀਅਰ (ਓ ਐਡ ਐੱਮ) ਵੱਲੋ ਰਿਪੋਰਟ ਕੀਤੀ ਗਈ *"Submitted for approval of F&CC. As this is very urgent work and previous tender is upto 30.09.21 so anticipation approval may be granted."* ਇਸ ਬਾਰੇ ਮਾਨਯੋਗ ਕਮਿਸ਼ਨਰ ਜੀ ਵੱਲੋ ਮਿਤੀ 29.09.21 ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਮਾਨਯੋਗ ਮੇਅਰ ਜੀ ਵੱਲੋ ਮਿਤੀ 01.10.21 ਨੂੰ *Anticipation approval* ਦਿੱਤੀ ਗਈ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 83 ਸਰਵਸੰਮਤੀ ਨਾਲ ਪ੍ਰਵਾਨ ਹੈ।**

-ਸਹੀ-
ਮੇਅਰ
ਨਗਰ ਨਿਗਮ ਮੋਗਾ

ਤਜਵੀਜ ਨੰਬਰ :05

ਕੰਮ ਦਾ ਨਾਂ: **P/L (300X200 mm) Deep Bore Tubewell with reverse rig method or any other method of latest technology at Tanki Wali Gali, Chowk Shekhan in Moga City (Est. 24.63 Lac)**

ਓ .ਐਡ .ਐਮ ਬਰਾਂਚ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ 15-09-2021 ਲਈ ਮੰਗੇ ਗਏ ਸਨ। ਕੰਮ ਦੀ ਟੈਕਨੀਕਲ ਬਿਡ ਮਿਤੀ 16-09-2021 ਨੂੰ ਖੋਲ੍ਹੀ

ਗਈ ਸੀ। ਸਫਲ ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਤੀ 21-09-2021 ਨੂੰ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੀਆਂ ਫ਼ਰਮਾਂ ਦੇ ਰੇਟ ਪ੍ਰਾਪਤ ਹੋਏ:-

| Name of Work | P/L (300X200 mm) Deep Bore Tubewell with reverse rig method or any other method of latest technology at Tanki Wali Gali, Chowk Shekhan in Moga City (Est. 24.63 Lac) | |
|---|---|---|
| *NIT Sr. No.* | *Name of Contractor/Firm/Society* | *Rates of Contractor* |
| 1 | The Nahal Coop L&C Society | OAS 9.13% Above<br>Tender Amount Rs. 26,87,871/- |
| 2 | Goyal Tubewell Store | OAS 5.21% Below<br>Tender Amount Rs. 23,34,677/- |

ਉਕਤ ਫ਼ਰਮਾਂ ਵਿੱਚੋਂ Goyal Tubewell Store ਇਸ ਕੰਮ ਨੂੰ ਤਖਮੀਨਾ ਰਾਸ਼ੀ ਰੁਪਏ 24,63,000/- ਤੋਂ Below 5.21% (Tender Amount Rs. 23,34,677-) ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ, ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਇਸ ਕੰਮ ਦਾ ਟੈਂਡਰ ਦੂਜੀ ਵਾਰ ਕਾਲ ਕੀਤਾ ਗਿਆ ਹੈ। ਉਕਤ ਕੇਸ ਨੂੰ ਕਮਿਸ਼ਨਰ ਨਗਰ ਨਿਗਮ ਮੋਗਾ ਵੱਲੋ ਮਿਤੀ 22.09.2021 ਰਾਹੀ ਪ੍ਰਵਾਨਗੀ ਹਿੱਤ ਮਾਨਯੋਗ ਮੇਅਰ ਨਗਰ ਨਿਗਮ ਮੋਗਾ ਨੂੰ ਭੇਜਿਆ ਗਿਆ। ਮੇਅਰ ਨਗਰ ਨਿਗਮ ਮੋਗਾ ਵੱਲੋ ਮਿਤੀ 23.09.2021 ਰਾਹੀ ਐਟੀਸਪੇਸ਼ਨ ਰਾਹੀ ਅਪਰੂਵਲ ਦਿੱਤੀ ਗਈ।

**ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : 84 ਸਰਵਸੰਮਤੀ ਨਾਲ ਪ੍ਰਵਾਨ ਹੈ।**

-ਸਹੀ-
ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰਬਰ** 06

**ਕੰਮ ਦਾ ਨਾਂ :** Const. of Sub Fire Station office adjoining Gaushala Charik Road. Est.Amt. 36.90 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਕਰਵਾਉਣ ਲਈ 36.90 ਲੱਖ ਦਾ ਤਖਮੀਨਾ ਤਿਆਰ ਕੀਤਾ ਗਿਆ ਸੀ। ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਪੰਜਾਬ ਵੱਲੋਂ ਆਪਣੇ ਪੱਤਰ ਨੰ: ਸ5-ਡਸਸ-ਮਸਸ-2020/38216 ਮਿਤੀ 25-09-2020 ਰਾਹੀਂ ਦਿੱਤੀ ਗਈ ਸੀ। ਇਸ ਕੰਮ ਦਾ ਟੈਂਡਰ ਪਹਿਲੀ ਵਾਰ ਟੈਂਡਰ ਨੋਟਿਸ ਨੰ 510/ਸੀ. ਮਿਤੀ 26-08-2021 ਰਾਹੀਂ ਲਗਾਇਆ ਗਿਆ ਸੀ,ਪਰੰਤੂ ਬਿਡ ਪ੍ਰਾਪਤ ਨਾ ਹੋਣ ਕਰਕੇ ਕੰਮ ਸਿਰੇ ਚੜ ਸਕਿਆ। ਇਸ ਉਪਰੰਤ ਇਸ ਕੰਮ ਨੂੰ ਦੂਜੀ ਵਾਰ ਟੈਂਡਰ ਨੋਟਿਸ ਨੰ: 674/ਸੀ. ਮਿਤੀ 27-08-2021 ਰਾਹੀਂ ਲਗਾਇਆ ਗਿਆ। ਇਸ ਵਾਰ ਉਕਤ ਕੰਮ ਲਈ ਫਰਮ/ਸੁਸਾਇਟੀ ਵੱਲੋ ਟੈਂਡਰ ਭਰਿਆ ਗਿਆ। ਜਿੱਕਰ ਯੋਗ ਹੈ ਕਿ *ਸਰਕਾਰ ਦੇ ਨੋਟੀਫਿਕੇਸ਼ਨ ਨੰ: 5/82/2018-2lg4/702 ਮਿਤੀ 01-04-2020 ਦੇ ਅਨੁਸਾਰ ਦੂਸਰੀ ਵਾਰ ਕਾਲ ਕੀਤੇ ਕੰਮਾਂ ਵਿੱਚ ਜੇਕਰ ਤਿੰਨ ਤੋ ਘੱਟ ਬਿਡਜ ਪ੍ਰਾਪਤ ਹੁੰਦੀ ਹੈ ਤਾਂ ਖੋਲੇ ਜਾ ਸਕਦੇ ਹਨ।*

ਕਿਉ ਜ਼ੋ ਉਕਤ ਦੂਜੀ ਵਾਰ ਲਗਾਇਆ ਗਿਆ ਸੀ, ਇਸ ਲਈ ਪ੍ਰਵਾਨਗੀ ਮਿਤੀ 20-09-2021 ਮਿਲਣ ਉਪਰੰਤ ਉਕਤ ਕੰਮ ਦੀ ਟੈਕਨੀਕਲ ਬਿਡ ਖੋਲੀ ਗਈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | Nit No. 06 | | |
|---|---|---|---|
| Sr. No. | Name of Bidder | Status | Remarks |
| 1 | Ravinder Singh Mittal Contractor | Qualified | - |
| 2 | Harish Bansal Contractor | Qualified | - |

ਸਫਲ ਬਿਡਜ ਦੀ ਪ੍ਰਵਾਨਗੀ ਮਿਤੀ 28-09-2021 ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Name of Contractor | | Rate of Contractor |
|---|---|---|
| L-1 | Ravinder Singh Mittal Contractor | OAS 3.03% below<br>Tender Amt. 35,78,193.00 |
| L-2 | Harish Bansal Contractor | OAS 1.89% below<br>Tender Amt. 36,20,259.00 |

ਉਕਤ ਟੈਬਲ ਅਨੁਸਾਰ Ravinder Singh Mittal Contractor ਦੀ ਫਰਮ ਵੱਲੋ OAS 3.03% Below ਤੇ ਰੇਟ ਪ੍ਰਾਪਤ ਹੋਏ ਜਿਸ ਅਨੁਸਾਰ ਟੈਂਡਰ ਖਰਚਾ 35,78,193.00 ਬਣਦਾ ਹੈ। ਜਦਕਿ ਤਖਮੀਨਾ ਖਰਚਾ 36.90 ਲੱਖ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮੈਸ: Ravinder Singh Mittal Contractor ਦੀ ਫਰਮ ਨੂੰ ਉਕਤ ਕੰਮ OAS 3.03% Below ਤੇ ਅਲਾਟ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਕਮਿਸ਼ਨਰ ਨਗਰ ਨਿਗਮ ਮੋਗਾ ਵੱਲੋ recommended for recall of tender ਮਿਤੀ 04.10.2021 ਲਿਖਿਆ ਗਿਆ ਅਤੇ ਮਾਨਯੋਗ ਮੇਅਰ ਨਗਰ ਨਿਗਮ ਮੋਗਾ ਵੱਲੋ ਮਿਤੀ 04.10.2021 ਰਾਹੀ ਐਫ.ਐਡ.ਸੀ.ਸੀ. ਕਮੇਟੀ ਨੂੰ ਵਿਚਾਰਨ ਹਿੱਤ ਭੇਜਿਆ ਗਿਆ।

**ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : 85 ਸਰਵਸੰਮਤੀ ਨਾਲ ਪ੍ਰਵਾਨ ਹੈ।**

-ਸਹੀ-
ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰਬਰ : 07**

**ਕੰਮ ਦਾ ਨਾਂ :** Const. of yoga hall in geeta bhawan vadanta nand park.
PUIEP-2 Est.Amt. 15.16 Lacs

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਨੂੰ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਫੇਸ-2 ਤਹਿਤ ਕਰਵਾਉਣ ਲਈ ਜਿਲ੍ਹਾ ਅਰਬਨ ਇੰਨਫਰਾਸਟਰਕਚਰ ਕਮੇਟੀ, ਮੋਗਾ ਵੱਲੋ ਆਪਣੀ ਮੀਟਿੰਗ ਮਿਤੀ 09-06-2020 ਰਾਹੀਂ ਪਾਸ ਕੀਤਾ ਗਿਆ ਸੀ। ਇਸ ਕੰਮ ਦੀ ਪ੍ਰਵਾਨਗੀ ਚੀਫ ਇੰਜੀਨੀਅਰ, ਚੰਡੀਗੜ੍ਹ ਜੀ ਵੱਲੋ ਆਪਣੇ ਦਫ਼ਤਰੀ ਪੱਤਰ ਨੰ: ਸੀ.ਈ.-2020/22793 ਮਿਤੀ 16-06-2020 ਰਾਹੀਂ ਦਿੱਤੀ ਗਈ ਸੀ। ਇਸ ਉਪਰੰਤ ਉਕਤ ਕੰਮ ਦਾ ਟੈਂਡਰ 1$^{st}$ Time 14-7-2020, 2$^{nd}$ Time 29-7-2020 3$^{rd}$ Time 17-8-2020, 4$^{th}$ Time 24-9-2020 5$^{th}$ Time 22-10-2020, 6$^{th}$ Time 12-11-2020 7$^{th}$ Time 03-12-2020, 8$^{th}$ Time 28-12-2020 9$^{th}$ Time 28-5-2021, 10$^{th}$ Time 28-6-2021 ਪਰੰਤੂ ਕਿਸੇ ਵੀ ਫਰਮ/ਸੁਸਾਇਟੀ ਵੱਲੋ ਟੈਡੰਰ ਨਾ

ਕਰਨ ਕਰਕੇ ਟੈਂਡਰ ਸਿਰੇ ਨਹੀ ਚੜ ਸਕਿਆ। ਇਸ ਉਪਰੰਤ 11ਵੀ ਵਾਰ ਮਿਤੀ 28-7-2021 ਲਈ ਲਗਾਇਆ ਗਿਆ, ਇਸ ਵਾਰ ਇੱਕ ਸੁਸਾਇਟੀ ਵੱਲੋ ਟੈਂਡਰ ਭਰਿਆ ਗਿਆ ਸੀ, ਪਰੰਤੂ ਦਸਤਾਵੇਜ਼ ਘੱਟ ਹੋਣ ਕਰਕੇ ਉਕਤ ਕੰਮ ਸਿਰੇ ਨਹੀ ਚੜ ਸਕਿਆ। ਇਸ ਉਪਰੰਤ ਉਕਤ ਕੰਮ ਦਾ ਟੈਂਡਰ 12ਵੀ ਵਾਰ ਮਿਤੀ 19-8-2021 ਲਈ ਲਗਾਇਆ ਗਿਆ, ਪਰੰਤੂ ਕਿਸੇ ਫਰਮ/ਸੁਸਾਇਟੀ ਵੱਲੋ ਟੈਂਡਰ ਨਾ ਭਰਨ ਕਰਕੇ ਦੁਬਾਰਾ ਵਾਰ 13ਵੀ ਵਾਰ ਮਿਤੀ 15-09-2021 ਲਈ ਲਗਾਇਆ ਗਿਆ, ਇਸ ਵਾਰ ਉਕਤ ਕੰਮ ਲਈ ਸਿਰਫ 2 ਟੈਂਡਰ ਪ੍ਰਾਪਤ ਹੋਏ ਹਨ। ਜਿੱਕਰ ਯੋਗ ਹੈ ਕਿ *ਸਰਕਾਰ ਦੇ ਨੋਟੀਫਿਕੇਸ਼ਨ ਨੰ: 5/82/2018-2lg4/702 ਮਿਤੀ 01-04-2020 ਦੇ ਅਨੁਸਾਰ ਦੂਸਰੀ ਵਾਰ ਕਾਲ ਕੀਤੇ ਕੰਮਾਂ ਵਿੱਚ ਜੇਕਰ ਤਿੰਨ ਤੋ ਘੱਟ ਬਿਡਜ ਪ੍ਰਾਪਤ ਹੁੰਦੀ ਹੈ ਤਾਂ ਖੋਲੇ ਜਾ ਸਕਦੇ ਹਨ।* ਕਿਉ ਜ਼ੋ ਉਕਤ 13ਵੀ ਵਾਰ ਲਗਾਇਆ ਗਿਆ ਸੀ, ਇਸ ਲਈ ਪ੍ਰਵਾਨਗੀ ਮਿਤੀ 20-09-2021 ਮਿਲਣ ਉਪਰੰਤ ਉਕਤ ਕੰਮ ਦੀ ਟੈਕਨੀਕਲ ਬਿਡ ਖੋਲੀ ਗਈ,ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | Nit No. 01 | | |
|---|---|---|---|
| Sr. No. | Name of Bidder | Status | Remarks |
| 1 | Ravinder Singh Mittal Contractor | Qualified | - |
| 2 | The Jaimal Wala co_op L/C Society Ltd. | Unqualified | Rejected due to Document short |

ਸਫਲ ਬਿਡਜ ਦੀ ਪ੍ਰਵਾਨਗੀ ਮਿਤੀ 28-09-2021 ਮਿਲਣ ਉਪਰੰਤ ਉਕਤ ਕੰਮ ਦੀ ਫਾਈਨੈਸੀਅਲ ਬਿਡ ਖੋਲੀ ਗਈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| Name of Contractor | | Rate of Contractor |
|---|---|---|
| L-1 | Ravinder Singh Mittal Contractor | OAS 0.42% below<br>Tender Amt. 15,09,632.80 |

ਉਕਤ ਟੈਬਲ ਅਨੁਸਾਰ Ravinder Singh Mittal Contractor ਦੀ ਫਰਮ ਵੱਲੋ OAS 0.42% Below ਤੇ ਰੇਟ ਪ੍ਰਾਪਤ ਹੋਏ ਜਿਸ ਅਨੁਸਾਰ ਟੈਂਡਰ ਖਰਚਾ 15,09,632.80/- ਬਣਦਾ ਹੈ। ਜਦਕਿ ਤਖਮੀਨਾ ਖਰਚਾ 15.16 ਲੱਖ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮੈਸ: Ravinder Singh Mittal Contractor ਦੀ ਫਰਮ ਨੂੰ ਉਕਤ ਕੰਮ OAS 0.42% Below ਤੇ ਅਲਾਟ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

**ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : 86** F&CC **ਦੇ ਮੈਂਬਰਾਂ ਵੱਲੋ ਇਸ ਕੰਮ ਦੇ ਰੇਟਾਂ ਨੂੰ ਵਿਚਾਰਨ ਉਪਰੰਤ ਠੇਕੇਦਾਰ ਦੀ ਸਹਿਮਤੀ ਅਨੁਸਾਰ Below 1.50% ਉਪਰ ਕੰਮ ਕਰਵਾਉਣਾ ਸਰਵਸੰਮਤੀ ਨਾਲ ਪ੍ਰਵਾਨ ਕੀਤਾ ਗਿਆ।**

-ਸਹੀ-
ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰ :08**

**ਕੰਮ ਦਾ ਨਾਂ : ਮੁਰਦਾ ਜਾਨਵਰਾਂ ਦਾ ਸਾਲ 2021-22 ਵਿੱਚ ਠੇਕਾ ਦੇਣ ਸਬੰਧੀ।**

ਸੈਨੀਟੈਸ਼ਨ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਸ਼ਹਿਰ ਵਿੱਚੋ ਮੁਰਦਾ ਜਾਨਵਰਾਂ ਨੂੰ ਚੁੱਕਣ ਲਈ ਸਾਲ 2020-21 ਦੌਰਾਨ ਠੇਕਾ ਦਿੱਤਾ ਗਿਆ ਸੀ। ਜਿਸਦੀ ਮਿਆਦ ਮਿਤੀ 15-08-2020 ਨੂੰ ਖਤਮ ਹੋ ਚੁੱਕੀ ਸੀ। ਦੋਬਾਰਾ ਫਿਰ ਠੇਕਾ ਦੇਣ ਲਈ ਇੱਕ ਮਹੀਨੇ ਦਾ ਵਾਧਾ ਕਰਦੇ ਹੋਏ ਮਿਤੀ 11-08-2021 ਨੂੰ ਵੱਖ-ਵੱਖ ਅਖਬਾਰਾਂ ਵਿੱਚ ਮੁਰਦਾ ਜਾਨਵਰਾਂ ਦੀ ਬੋਲੀ ਸਬੰਧੀ ਇਸ਼ਤਹਿਾਰ ਦਿੱਤਾ ਗਿਆ। ਸਾਲ 2021-22 ਦੌਰਾਨ ਇੱਕ ਸਾਲ

ਦਾ ਠੇਕਾ ਦੇਣ ਲਈ ਮਿਤੀ 02-09-2021 ਨੂੰ ਦਫਤਰ ਨਗਰ ਨਿਗਮ ਵਿਖੇ ਖੁੱਲੀ ਬੋਲੀ ਰੱਖੀ ਗਈ ਜਿਸ ਵਿੱਚ ਵੱਖ-ਵੱਖ ਚਮੜਾ ਠੇਕੇਦਾਰ (1) ਅਮਨ ਪੁੱਤਰ ਸ੍ਰੀ ਹੁਸਨ ਲਾਲ (2) ਜਗਸੀਰ ਪੁੱਤਰ ਮੁਖਤਿਆਰ ਸਿੰਘ (3) ਕਮਲਦੀਪ ਪੁੱਤਰ ਹੁਸਨ ਲਾਲ ਅਤੇ (4) ਰਾਜ਼ੇਸ ਕੁਮਾਰਾ ਪੁੱਤਰ ਕਰਤਾਰ ਸਿੰਘ ਨੇ ਹਿੱਸਾ ਲਿਆ। ਇਸ ਬੋਲੀ ਵਿੱਚ ਸੱਭ ਤੋ ਵੱਧ ਰੇਟ 1,71000/-ਰੁਪਏ ਤੇ ਅਮਨਦੀਪ ਪੁੱਤਰ ਹੁਸਨ ਲਾਲ ਵਾਸੀ ਵਾਲਮੀਕਿ ਕਲੌਨੀ ਮੋਗਾ ਨੂੰ ਠੇਕਾ ਅਲਾਟ ਕੀਤਾ ਗਿਆ। ਜਿਸ ਦੀ ਸ਼ੁਰਤਾਂ ਅਨੁਸਾਰ ਬਣਦੀ ਰਕਮ 50 ਪ੍ਰਤੀਸ਼ਤ ਮੌਕੇ ਤੇ ਵਸੂਲ ਪਾਈ ਗਈ ਜੋ ਕਿ ਖਜ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ ਅਤੇ ਬਾਕੀ ਦੀ ਰਕਮ ਦੋ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

**ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : 87** **ਸਰਵਸੰਮਤੀ ਨਾਲ ਪ੍ਰਵਾਨ ਹੈ।**

-ਸਹੀ-
ਮੇਅਰ
ਨਗਰ ਨਿਗਮ ਮੋਗਾ

**ਤਜਵੀਜ ਨੰ :09**

**ਕੰਮ ਦਾ ਨਾਂ :** **ਨਗਰ ਨਿਗਮ, ਮੋਗਾ ਦੇ ਪਾਰਕਾਂ ਵਿੱਚ ਵੇਰਕਾ ਵੱਲੋ ਮਿਲਕ ਬੂਥ ਬਣਾਉਣ ਸਬੰਧੀ।**

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਜਨਰਲ ਮੈਨੇਜਰ, ਲੁਧਿਆਣਾ ਡਿਸਟ੍ਰਿਕਟ ਕੋਆਪ੍ਰੇਟਿਵ ਮਿਲਕ ਪ੍ਰੋਡਿਊਸਰਜ ਯੂਨੀਅਨ ਲਿਮ: ਵੇਰਕਾ ਮਿਲਕ ਪੁਆਇੰਟ, ਲੁਧਿਆਣਾ ਵੱਲੋ ਉਹਨਾਂ ਦੇ ਪੱਤਰ ਨੰ:ਲਮਯ/ਮਾਰਕੀਟਿੰਗ/2020/9132 ਮਿਤੀ 18-07-2020 ਅਤੇ ਪੱਤਰ ਨੰ: ਨੰ:ਲਮਯ/ਮਾਰਕੀਟਿੰਗ /2020/13450 ਮਿਤੀ 13-10-2020 ਰਾਹੀ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਵੱਲੋ ਮੋਗਾ ਸ਼ਹਿਰ ਵਿੱਚ ਪੈਂਦੇ 11 ਪਾਰਕਾਂ ਵਿੱਚ ਵੇਰਕਾ ਮਿਲਕ ਬੂਥ ਬਣਾਉਣ ਲਈ ਜਗ੍ਹਾਂ ਦੀ ਮੰਗ ਕੀਤੀ ਗਈ ਹੈ।ਜਿਸ ਵਿੱਚ 3 ਪਾਰਕਾਂ ਦੀ ਮਾਲਕੀ ਨਗਰ ਨਿਗਮ ਮੋਗਾ ਦੀ ਨਾ ਹੋਣ ਕਰਕੇ 8 ਪਾਰਕਾਂ ਵਿੱਚ ਵੇਰਕਾ ਮਿਲਕ ਬੂਥ ਬਣਾਉਣ ਲਈ ਤਜ਼ਵੀਜ ਕੀਤੀ ਗਈ ਸੀ, ਜਿਸ ਵਿੱਚ ਇਹਨਾਂ ਮਿਲਕ ਬੂਥ ਦਾ ਸਾਈਜ਼ 12'x12' ਹੋਵੇਗਾ ਅਤੇ ਮੈਨੇਜਰ ਵੇਰਕਾ ਵੱਲੋ ਪ੍ਰਤੀ ਬੂਥ ਦਾ ਕਿਰਾਇਆਂ 2000/-ਰੁਪਏ ਪ੍ਰਤੀ ਮਹੀਨਾ ਨਗਰ ਨਿਗਮ ਮੋਗਾ ਅਦਾ ਕੀਤਾ ਜਾਵੇਗਾ। ਜਿਸ ਨੂੰ ਨਿਗਮ ਦੀ ਟੈਕਨੀਕਲ ਐਡਵਾਇਜ਼ਰੀ ਕਮੇਟੀ ਵੱਲੋ ਆਪਣੇ ਮਤਾ/ਹੁਕਮ ਨੰ:52 ਮਿਤੀ 16-07-2021ਰਾਂਹੀ ਪ੍ਰਵਾਨ ਕੀਤਾ ਗਿਆ ਸੀ।ਇਸ ਸਬੰਧੀ ਸਥਾਨਕ ਸਰਕਾਰ ਦੇ ਦਫਤਰੀ ਪੱਤਰ ਨੰ:ਸ5-ਡਸਸ-ਮਸਸ-2020/33814 ਮਿਤੀ 31-08-2020 ਰਾਹੀ ਪ੍ਰਵਾਨ ਕਰਕੇ ਹੋਏ ਲਿਖਿਆ ਗਿਆ ਸੀ ਕਿ *ਸਰਕਾਰ ਦੇ ਰੂਲਾਂ ਅਤੇ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ, ਬਸ਼ਰਤੇ ਟਾਊਨ ਪਲੈਨਿੰਗ ਸਕੀਮ ਦੀ ਹਦਾਇਤਾਂ ਦੀ ਉਲੰਘਣਾਂ ਨਾ ਹੁੰਦੀ ਹੋਵੇ।* ਇਸ ਸਬੰਧੀ ਸਾਈਟ ਪਲਾਨ ਨੱਥੀ ਕਰਕੇ ਬਿਲਡਿੰਗ ਸ਼ਾਖਾ ਨੂੰ ਰਿਪੋਰਟ ਲਈ ਭੇਜਿਆ ਗਿਆ। ਬਿਲਡਿੰਗ ਸ਼ਾਖਾ ਵੱਲੋ ਮਿਤੀ 09-12-2020 ਰਾਹੀ ਪ੍ਰਵਾਨਗੀ ਦੇ ਦਿੱਤੀ ਗਈ।

ਉਕਤ ਕਾਰਵਾਈ ਕਰਨ ਉਪਰੰਤ ਕਮਿਸ਼ਨਰ, ਨਗਰ ਨਿਗਮ ਮੋਗਾ ਜੀ ਦੇ ਦਫਤਰੀ ਪੱਤਰ ਨੰ:1259 ਮਿਤੀ 22-10-2020 ਰਾਹੀ ਜਨਰਲ ਮੈਨੇਜਰ, ਲੁਧਿਆਣਾ ਡਿਸਟ੍ਰਿਕਟ ਕੋਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਯੂਨੀਅਨ ਲਿਮ: ਵੇਰਕਾ ਮਿਲਕ ਪੁਆਇੰਟ, ਲੁਧਿਆਣਾ ਨੂੰ ਮੋਗਾ ਸ਼ਹਿਰ ਵਿੱਚ ਨਗਰ ਨਿਗਮ ਮੋਗਾ ਦੀ ਮਾਲਕੀ ਵਾਲੇ 8 ਪਾਰਕਾਂ ਵਿੱਚ ਮਿਲਕ ਬੂਥ ਬਣਾਉਣ ਲਈ ਅਲਾਟਮੈਂਟ ਪੱਤਰ ਜਾਰੀ ਕੀਤਾ ਗਿਆ ਸੀ। ਜਿਸ ਉਪਰੰਤ ਵੇਰਕਾ ਵੱਲੋ ਦਫਤਰ ਨਗਰ ਨਿਗਮ ਮੋਗਾ ਜੀ ਦੇ ਦਫਤਰੀ ਪੱਤਰ ਨੰ:127 ਮਿਤੀ 15-02-2021 ਰਾਹੀ ਜਨਰਲ ਮੈਨੇਜਰ, ਲੁਧਿਆਣਾ ਡਿਸਟ੍ਰਿਕਟ ਕੋਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਯੂਨੀਅਨ ਲਿਮ: ਵੇਰਕਾ ਮਿਲਕ ਪੁਆਇੰਟ,ਲੁਧਿਆਣਾ ਨੂੰ ਪੱਤਰ ਲਿਖਿਆ ਗਿਆ ਕਿ ਉਕਤ ਬਣਾਏ ਮਿਲਕ ਬੂਥਾਂ ਵਿੱਚ ਮਿਲਕ ਪ੍ਰੋਟਕਟ ਦੀ ਵਿਕਰੀ ਸ਼ੁਰੂ ਕਰਨ ਲਈ ਹਦਾਇਤ ਕੀਤੀ ਗਈ। ਇਸ ਦੌਰਾਨ MOU/Agreement ਦਾ ਖਰੜਾ ਤਿਆਰ ਕੀਤਾ ਗਿਆ ਅਤੇ ਨਿਗਮ ਦਾ ਕਾਨੂੰਨੀ ਮਸ਼ੀਰ ਪਾਸੋ ਵੈਟ ਕਰਵਾਇਆ ਗਿਆ, ਤਾਂ ਜੋ ਲੁਧਿਆਣਾ ਡਿਸਟ੍ਰਿਕਟ ਕੋਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਯੂਨੀਅਨ ਲਿਮ: ਵੇਰਕਾ ਮਿਲਕ ਪੁਆਇੰਟ, ਲੁਧਿਆਣਾ ਨਾਲ MOU/Agreement ਸਾਈਨ ਕਰਕੇ ਉਹਨਾਂ ਪਾਸੋ 2,000/-ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਲਾਟਮੈਂਟ ਦੀ ਮਿਤੀ ਤੋ ਕਿਰਾਇਆਂ ਵਸੂਲ ਕੀਤਾ ਜਾ ਸਕੇ।

ਸੋ ਹੁਣ ਉਕਤ ਕੰਪਨੀ ਨਾਲ MOU/Agreement ਕਰਨ ਦੀ ਪ੍ਰਵਾਨਗੀ ਲਈ ਕੇਸ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ।

**ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।**

**ਮਤਾ ਨੰਬਰ : ੪੪** **ਐਫ.ਐਡ.ਸੀ.ਸੀ ਦੇ ਮੈਬਂਰਾਂ ਵੱਲੋ ਉਕਤ ਕੰਮ ਨੂੰ ਵਿਚਾਰਨ ਉਪੰਰਤ, ਸਰਵਸੰਮਤੀ ਨਾਲ ਪੈਡਿੰਗ ਕੀਤਾ ਗਿਆ।**

-ਸਹੀ-
ਮੇਅਰ
ਨਗਰ ਨਿਗਮ ਮੋਗਾ

**ਸਕੱਤਰ**